**Shikshan Sanshodhan : Journal of Arts, Humanities and Social Sciences** ISSN: 2581-6241 Volume - 3, Issue - 5, Sept-Oct – 2020
Bi-Monthly, Peer-Reviewed, Refereed, Indexed Journal Impact Factor: 3.589
Received on : 03/09/2020 Accepted on : 22/09/2020 Publication Date: 30/09/2020

# ਐਲਨ ਡੰਡੀਸ : ਲੋਕਧਾਰਾ ਅਧਿਐਨ ਖੇਤਰ

**ਡਾ. ਗਗਨਦੀਪ ਕੌਰ**
**ਈਮੇਲ ਪਤਾ: gill88gagan@gmail.com**

**ਸਾਰੰਸ਼:** ਐਲਨ ਡੰਡੀਸ ਦੁਨੀਆਂ ਦਾ ਸੁਪ੍ਰਸਿੱਧ ਲੋਕਧਾਰਾ ਸ਼ਾਸਤਰੀ ਹੈ ਜਿਸ ਨੇ ਲੋਕਧਾਰਾ ਦੇ ਖੇਤਰ ਵਿਚੋਂ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਕੰਮ ਕਰ ਕੇ ਨਵੇਂ ਸਿਧਾਂਤ ਪ੍ਰਦਾਨ ਕੀਤੇ। ਪੰਜਾਬੀ ਲੋਕਧਾਰਾ ਦਾ ਅਧਿਐਨ ਕਰਨ ਸਮੇਂ ਉਹਨਾਂ ਦੇ ਸਿਧਾਤਾਂ ਤੇ ਵਿਚਾਰਾਂ ਤੋਂ ਜਾਣੂ ਹੋਣਾ ਬੇਹੱਦ ਜ਼ਰੂਰੀ ਹੈ। ਇਸ ਖੋਜ-ਪਰਚੇ ਵਿਚ ਉਹਨਾਂ ਦੇ ਜੀਵਨ ਨਾਲ ਸਬੰਧਿਤ ਮੁੱਢਲੀ ਜਾਣ-ਪਛਾਣ ਕਰਵਾਉਣ ਤੋਂ ਬਾਅਦ ਉਹਨਾਂ ਦੇ ਲੋਕਧਾਰਾ ਅਧਿਐਨ ਅਤੇ ਵਿਚਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਐਲਨ ਡੰਡੀਸ ਨੇ ਲੋਕ ਤੇ ਲੋਕਧਾਰਾ ਨੂੰ ਪਰਿਭਾਸ਼ਤ ਕੀਤਾ; ਲੋਕਧਾਰਾ ਸ਼ਾਸਤਰ ਦੀ ਪਰਿਭਾਸ਼ਾ, ਸਰੂਪ, ਅਧਿਐਨ ਵਿਧੀਆਂ ਅਤੇ ਮਾਡਲਾਂ ਉਤੇ ਨਿੱਠ ਕੇ ਚਰਚਾ ਕੀਤੀ। ਉਸਨੇ ਲੋਕਧਾਰਾ ਦੇ ਵਿਭਿੰਨ ਰੂਪਾਕਾਰਾਂ, ਉਹਨਾਂ ਦੀ ਨਿਸ਼ਚਿਤ ਪਰਿਭਾਸ਼ਾਵਾਂ ਦੀ ਲੋੜ, ਵਿਧਾਵਾਂ ਦੀ ਵੱਖਰੀ ਰੂਪਗਤ ਪਛਾਣ ਨੂੰ ਅਧਿਐਨ ਦਾ ਹਿੱਸਾ ਬਣਾਇਆ। ਐਲਨ ਡੰਡੀਸ ਵੱਲੋਂ ਕੀਤੇ ਲੋਕਧਾਰਾਈ ਅਧਿਐਨ ਦਾ ਘੇਰਾ ਬਹੁਤ ਵਿਸ਼ਾਲ ਹੈ। ਮੁੱਕਦੀ ਗੱਲ ਕਿ ਉਸਨੇ ਲੋਕਧਾਰਾ ਦੇ ਕਿਸੇ ਇਕ ਖੇਤਰ ਜਾਂ ਰੂਪ ਦਾ ਨਹੀਂ ਸਗੋਂ ਪੂਰੀ ਲੋਕਧਾਰਾ ਦੇ ਅਰਥਾਂ ਦਾ ਅਧਿਐਨ ਕੀਤਾ ਹੈ।

**ਕੀ-ਵਰਡਸ:** ਐਲਨ ਡੰਡੀਸ, ਲੋਕਧਾਰਾ ਸ਼ਾਸਤਰੀ, ਲੋਕਧਾਰਾ, ਲੋਕਧਾਰਾ ਅਧਿਐਨ, ਮੈਟਾ-ਲੋਕਧਾਰਾ

ਐਲਨ ਡੰਡੀਸ (1934-2005) ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਨਾਲ ਜੁੜਿਆ ਹੋਇਆ ਵਿਸ਼ਵ ਪ੍ਰਸਿੱਧ ਲੋਕਧਾਰਾ ਸ਼ਾਸਤਰੀ ਹੈ। ਇਹ ਦੁਨੀਆਂ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਲੋਕਧਾਰਾ ਸ਼ਾਸਤਰੀ ਹੈ। ਇਸ ਵਿਦਵਾਨ ਦੇ ਲੋਕਧਾਰਾ ਦੇ ਖੇਤਰ ਵਿਚ ਆਉਣ ਨਾਲ ਲੋਕਧਾਰਾ ਅਧਿਐਨ ਦੀ ਨੁਹਾਰ ਹੀ ਬਦਲ ਗਈ। ਇਸ ਨੂੰ ਆਧੁਨਿਕ ਲੋਕਧਾਰਾ ਸ਼ਾਸਤਰ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਇਸ ਖੋਜ ਪਰਚੇ ਵਿਚ ਐਲਨ ਡੰਡੀਸ ਅਤੇ ਉਹਨਾਂ ਦੇ ਲੋਕਧਾਰਾਈ ਅਧਿਐਨ ਬਾਰੇ ਚਰਚਾ ਕੀਤੀ ਗਈ ਹੈ।

**ਜੀਵਨ:** ਐਲਨ ਡੰਡੀਸ ਦਾ ਜਨਮ ਸਤੰਬਰ 8, 1934 ਈ. ਨੂੰ ਨਿਉਯਾਰਕ ਸ਼ਹਿਰ ਵਿਚ ਹੋਇਆ। ਯੇਲੇ ਯੂਨੀਵਰਸਿਟੀ ਵਿਚ ਪੜ੍ਹਦਿਆਂ ਹੀ ਉਸਨੂੰ ਆਪਣੀ ਪਤਨੀ ਕੈਰੋਲਇਨ ਮਿਲੀ ਜਿਸ ਨਾਲ ਉਸਨੇ 48 ਸਾਲ ਵਿਆਹੁਤਾ ਜੀਵਨ ਬਿਤਾਇਆ। ਉਹਨਾਂ ਦਾ ਇਕ ਬੇਟਾ ਅਤੇ ਦੋ ਬੇਟੀਆਂ ਸਨ। ਉਹਨਾਂ ਦੀ ਮੌਤ 2005ਈ. ਵਿਚ ਇਕ ਸੈਮੀਨਾਰ ਦੌਰਾਨ ਡਿੱਗ ਪੈਣ ਨਾਲ ਹੋਈ।

ਐਲਨ ਡੰਡੀਸ ਨੇ ਯੈਲੇ ਯੂਨੀਵਰਸਿਟੀ ਵਿਚ ਅੰਗਰੇਜ਼ੀ ਦੀ ਪੜ੍ਹਾਈ ਕੀਤੀ। ਇਸ ਤੋਂ ਬਾਅਦ ਡੰਡੀਸ ਨੂੰ ਸੰਚਾਰ ਅਫਸਰ ਦੀ ਨੌਕਰੀ ਮਿਲ ਗਈ। ਦੋ ਸਾਲ ਨੌਕਰੀ ਕਰਨ ਉਪਰੰਤ ਉਸਨੇ ਇੰਡੀਆਨਾ ਯੂਨੀਵਰਸਿਟੀ ਵਿਚ ਲੋਕਧਾਰਾ ਵਿਚ ਪੀਐੱਚ.ਡੀ. ਕਰਨੀ ਸ਼ੁਰੂ ਕੀਤੀ। ਉੱਥੇ ਉਸਨੇ ਅਮਰੀਕੀ ਲੋਕਧਾਰਾ ਦੇ ਪਿਤਾਮਾ ਅਤੇ ਮਸ਼ਹੂਰ ਮਾਨਵ-ਵਿਗਿਆਨੀ ਰਿਚਰਡ ਡੌਰਸਨ ਦੀ ਨਿਗਰਾਨੀ ਵਿਚ ਆਪਣਾ ਖੋਜ-ਕਾਰਜ ਕੀਤਾ। ਉਸਨੇ ਬਹੁਤ ਜਲਦੀ ਨਾਲ ਆਪਣੀ ਡਿਗਰੀ ਖਤਮ ਕੀਤੀ ਅਤੇ ਇਕ ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗ ਪਿਆ। ਉੱਥੇ ਉਸ ਨੇ ਸਿਰਫ ਇਕ ਸਾਲ ਹੀ ਨੌਕਰੀ ਕੀਤੀ ਅਤੇ ਉਸਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਵਿਚ ਲੋਕਧਾਰਾ ਪੜ੍ਹਾਉਣ ਲਈ ਸੱਦਾ ਮਿਲ ਗਿਆ। ਇਸ ਅਹੁਦੇ ਉਤੇ ਉਹ 42 ਸਾਲ ਤੱਕ ਆਪਣੀ ਮੌਤ ਤੱਕ ਰਿਹਾ।

ਇਕ ਅਧਿਆਪਕ ਵਜੋਂ ਐਲਨ ਡੰਡੀਸ ਆਪਣੇ ਵਿਦਿਆਰਥੀਆਂ ਵਿਚ ਬਹੁਤ ਮਸ਼ਹੂਰ ਸੀ। ਉਹ ਆਪਣੇ ਵਿਦਿਆਰਥੀਆਂ ਨੂੰ ਨੇੜੇ ਤੋਂ ਜਾਣਨ ਦੀ ਕੋਸ਼ਿਸ਼ ਕਰਦਾ ਇਸੇ ਕਾਰਨ ਉਸਨੂੰ ਨਿੱਜੀ ਤੌਰ ਤੇ ਮਿਲਣ ਲਈ ਬਰਕਲੇ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ। ਉਸਦੀ ਪਤਨੀ ਅਨੁਸਾਰ ਉਹ ਕੰਮ ਦਾ ਸ਼ਦਾਈ ਸੀ। ਉਹ ਬਹੁਤ ਹੀ ਪੜਾਕੂ ਕਿਸਮ ਦਾ ਸੀ। ਇਸੇ ਲਈ ਉਸਦੇ ਬਰਕਲੇ ਵਾਲੇ ਘਰ ਦੇ ਹਰ ਪਾਸੇ ਹਰ ਕੋਨੇ ਵਿਚ ਕਿਤਾਬਾਂ ਹੀ ਕਿਤਾਬਾਂ ਸਨ। ਐਲਨ ਡੰਡੀਸ ਆਪਣੀਆਂ ਖੋਜਾਂ ਕਰਕੇ ਵਿਵਾਦਾਂ ਵਿਚ ਵੀ ਰਿਹਾ ਇਥੋਂ ਤੱਕ ਕੇ ਉਸਨੂੰ ਮਾਰਨ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ। ਉਸਨੇ ਕੁਰਾਨ ਤੇ ਬਾਈਬਲ ਨੂੰ ਲੋਕਧਾਰਾ ਵਜੋਂ ਪੇਸ਼ ਕੀਤਾ ਜਿਸ ਦੇ ਬਦਲੇ ਉਸਨੂੰ ਸਖਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਪਰ ਫਿਰ ਵੀ ਉਹ ਸਾਰੀ ਉਮਰ ਉਸ ਗੱਲ ਨਾਲ ਬਿਨਾਂ ਝਿਜਕ ਜੁੜਿਆ ਰਿਹਾ।

**ਰਚਨਾਵਾਂ:** ਐਲਨ ਡੰਡੀਸ ਨੇ ਲਗਪਗ 12 ਕਿਤਾਬਾਂ ਲਿਖੀਆਂ ਜਿਹੜੀਆਂ ਅਕਾਦਮਿਕ ਜਗਤ ਵਿਚ ਬਹੁਤ ਚਰਚਿਤ ਹਨ ਅਤੇ ਉਹਨਾਂ 24 ਤੋਂ ਜ਼ਿਆਦਾ ਕਿਤਾਬਾਂ ਸੰਪਾਦਕ ਅਤੇ ਸਹਿ ਲੇਖਕ ਵਜੋਂ ਰਚੀਆਂ। ਉਹਨਾਂ ਨੇ ਲਗਪਗ 250 ਖੋਜ-ਪਰਚੇ ਲਿਖੇ ਜਿਹਨਾਂ ਵਿਚ ਲੋਕਧਾਰਾ ਦੇ ਵਿਭਿੰਨ ਪਰਿਪੇਖਾਂ ਉਤੇ ਵਿਸਤਰਿਤ ਚਰਚਾ ਕੀਤੀ। ਉਸਦੀਆਂ ਪ੍ਰਮੁੱਖ ਕਿਤਾਬਾਂ ਦੇ ਨਾਂ ਹੇਠ ਲਿਖੇ ਹਨ:

**Shikshan Sanshodhan : Journal of Arts, Humanities and Social Sciences** ISSN: 2581-6241 Volume - 3, Issue - 5, Sept-Oct – 2020
Bi-Monthly, Peer-Reviewed, Refereed, Indexed Journal Impact Factor: 3.589
Received on : 03/09/2020 Accepted on : 22/09/2020 Publication Date: 30/09/2020

Essays in Folkloristics: ਇਸ ਕਿਤਾਬ ਵਿਚ ਪੂਰਵ-ਪ੍ਰਕਾਸ਼ਿਤ ਉਹਨਾਂ ਮਹੱਤਵਪੂਰਨ ਨਿਬੰਧਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ ਲੋਕਧਾਰਾ ਸ਼ਾਸਤਰ ਨਾਲ ਸਬੰਧਿਤ ਹਨ। ਇਸ ਕਿਤਾਬ ਦੇ ਸਾਰੇ ਲੇਖਾਂ ਵਿਚ ਲੋਕਧਾਰਾ ਤੇ ਲੋਕਧਾਰਾ ਸ਼ਾਸਤਰ ਕੇਂਦਰੀ ਨੁਕਤੇ ਵਜੋਂ ਉੱਭਰਦੇ ਹਨ।

**The study of folklore:** ਇਹ ਕਿਤਾਬ ਐਲਨ ਡੰਡੀਸ ਦੀ ਸੰਪਾਦਿਤ ਕਿਤਾਬ ਹੈ। ਇਹ ਉਸਦੀਆਂ ਮਸ਼ਹੂਰ ਕਿਤਾਬਾਂ ਵਿਚੋਂ ਇਕ ਹੈ। ਇਸ ਕਿਤਾਬ ਵਿਚ ਉਸਨੇ ਹੋਰ ਲੋਕਧਾਰਾ ਸ਼ਾਸਤਰੀਆਂ ਦੇ ਖੋਜ-ਪਰਚਿਆਂ ਨੂੰ ਇਕੱਠਾ ਕਰਕੇ ਪ੍ਰਕਾਸ਼ਿਤ ਕਰਵਾਇਆ ਹੈ। ਇਹ ਕਿਤਾਬ 1965 ਈ. ਵਿਚ ਪ੍ਰਕਾਸ਼ਿਤ ਕਰਵਾਈ ਗਈ।

**Never Try to Teach a Pig to Sing:** ਐਲਨ ਡੰਡੀਜ਼ ਦੀ ਇਹ ਕਿਤਾਬ 1991 ਈ. ਵਿਚ ਛਪੀ। ਇਸ ਕਿਤਾਬ ਵਿਚ ਉਸਨੇ ਆਧੁਨਿਕ ਲੋਕਧਾਰਾ ਜਿਵੇਂ ਕਿ ਟੀ-ਸ਼ਰਟ ਸਲੋਗਨ, ਫੋਟੋਕਾਪੀ ਮਸ਼ੀਨਾਂ ਰਾਹੀਂ ਸਾਂਝੀ ਹੋਣ ਵਾਲੀ ਵਿਭਿੰਨ ਕਿਸਮ ਦੀ ਲੋਕਧਾਰਾ ਆਦਿ ਉਤੇ ਚਰਚਾ ਕੀਤੀ।

ਉਸਦੇ ਸਭ ਤੋਂ ਪ੍ਰਸਿੱਧ ਨਿਬੰਧਾਂ ਵਿਚੋਂ ਇਕ ਨਿਬੰਧ 'ਸੀਇੰਗ ਇਜ਼ ਬਲੀਵਿੰਗ' ਹੈ ਜਿਸ ਵਿਚ ਉਸਨੇ ਅਮਰੀਕੀਆਂ ਵੱਲੋਂ ਬਾਕੀ ਗਿਆਨ ਇੰਦਰੀਆਂ ਨਾਲੋਂ ਅੱਖਾਂ ਦੀ ਵਧੇਰੇ ਵਰਤੋਂ ਵੱਲ ਸੰਕੇਤ ਕੀਤਾ[

**ਲੋਕਧਾਰਾ ਖੇਤਰ ਨੂੰ ਦੇਣ:** ਉਹ ਲੋਕਧਾਰਾ ਦਾ ਮਾਹਿਰ ਵਿਦਵਾਨ ਹੈ ਜਿਸਦੀ ਵਿਦਵਤਾ ਤੇ ਵਿਸ਼ੇਸ਼ੱਗਤਾ ਦਾ ਪਤਾ ਉਸਦੇ ਲੋਕਧਾਰਾ ਅਧਿਐਨ ਤੋਂ ਲੱਗਦਾ ਹੈ। ਐਲਨ ਡੰਡੀਸ ਨੇ ਲੋਕਧਾਰਾ ਨੂੰ ਵਧੇਰੇ ਸਪੱਸ਼ਟ ਕਰਨ ਹਿੱਤ ਲੋਕ ਸ਼ਬਦ ਨੂੰ ਪੁਨਰ-ਪਰਿਭਾਸ਼ਤ ਕਰ ਕੇ ਇਸ ਦਾ ਘੇਰਾ ਨਿਸ਼ਚਿਤ ਕੀਤਾ, ਜਿਸ ਨਾਲ ਲੋਕਧਾਰਾ ਸੰਕਲਪ ਵਿਚ ਸਪੱਸ਼ਟਤਾ ਵਧੀ। ................. ਐਲਨ ਡੰਡੀਸ ਤੋਂ ਪਹਿਲਾਂ 'ਲੋਕ' ਨੂੰ ਪਰਿਭਾਸ਼ਤ ਕਰਦਿਆਂ 'ਲੋਕ' ਨੂੰ ਵਿਕਾਸਸ਼ੀਲ ਮਨੁੱਖੀ ਸਮੂਹਾਂ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ। ਇਸੇ ਕਰਕੇ 'ਲੋਕ' ਸ਼ਬਦ ਨੂੰ 'ਯੂਰਪੀ ਕਿਸਾਨਾਂ' ਦੇ ਸਮਾਨਾਰਥੀ ਸਮਝਿਆ ਗਿਆ ਜੋ ਅਜੇ ਵਿਕਾਸ ਕਰ ਰਹੇ ਸਨ ਜਦੋਂ ਕਿ ਉਦਯੋਗਿਕ ਕ੍ਰਾਂਤੀ ਨਾਲ ਦੂਜੇ ਮਨੁੱਖ ਵਿਕਾਸ ਕਰ ਚੁੱਕੇ ਸਨ। ਇਸੇ ਤਰ੍ਹਾਂ ਡੰਡੀਸ ਅਨੁਸਾਰ ਮਨੁੱਖੀ ਸੱਭਿਅਤਾ ਦੇ ਵਿਕਾਸ ਪੜਾਵਾਂ – ਜੰਗਲੀ ਅਵਸਥਾ, ਅਸਭਿਅਕ ਅਵਸਥਾ, ਸਭਿਅਕ ਅਵਸਥਾ – ਵਿਚੋਂ ਅਸਭਿਅਕ ਅਵਸਥਾ ਨਾਲ ਜੋੜਿਆ ਜਾਂਦਾ ਹੈ। 'ਲੋਕ' ਸ਼ਬਦ ਦੀ ਅਜਿਹੀ ਵਿਆਖਿਆ ਵਿਚੋਂ ਹੀ ਇਹ ਧਾਰਨਾ ਵੀ ਵਿਕਸਿਤ ਹੋਈ ਕਿ ਸਭਿਅਕ ਮਨੁੱਖੀ ਸਮਾਜ ਦਾ ਹਿੱਸਾ ਬਣਨ ਲਈ ਬੰਦੇ ਨੂੰ ਪਰੰਪਰਿਕ ਜੀਵਨ-ਜਾਚ, ਜੀਵਨ-ਦਰਸ਼ਨ ਤੇ ਜੀਵਨ-ਦ੍ਰਿਸ਼ਟੀਕੋਣ ਤਿਆਗਣਾ ਪਵੇਗਾ।

ਐਲਨ ਡੰਡੀਸ ਅਨੁਸਾਰ ਲੋਕ ਤੋਂ ਭਾਵ ਅਜਿਹਾ ਕੋਈ ਵੀ ਲੋਕਾਂ ਦਾ ਸਮੂਹ ਹੈ ਜਿਹਨਾਂ ਵਿਚ ਕੋਈ ਇਕ ਸਾਂਝਾ ਤੱਤ ਹੋਵੇ, ਉਹ ਸਾਂਝਾ ਤੱਤ ਕੋਈ ਵੀ ਹੋ ਸਕਦਾ – ਕੋਈ ਕਿੱਤਾ, ਭਾਸ਼ਾ, ਧਰਮ - ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਸਮੂਹ ਚਾਹੇ ਕਿਸੇ ਵੀ ਕਾਰਨ ਤੋਂ ਬਣਿਆ ਹੋਵੇ ਪਰ ਉਹਨਾਂ ਦੀ ਕੋਈ ਪਰੰਪਰਾ ਹੋਣੀ ਚਾਹੀਦੀ ਹੈ ਜੋ ਉਹਨਾਂ ਦੀ ਆਪਣੀ ਸਾਂਝੀ ਹੋਵੇ।

ਐਲਨ ਡੰਡੀਸ ਨੇ ਆਪਣੇ ਖੋਜ-ਕਾਰਜ ਵਿਚ ਲੋਕਧਾਰਾ ਦੇ ਸਿਧਾਂਤਕ ਪੱਖ ਦੇ ਵੀ ਮਸਲਿਆਂ ਨੂੰ ਸੰਬੋਧਨ ਕੀਤਾ ਹੈ। ਐਲਨ ਡੰਡੀਸ ਨੇ ਉਸ ਤੋਂ ਪਹਿਲਾਂ ਲੋਕਧਾਰਾ ਦੀਆਂ ਪਰਿਭਾਸ਼ਾਵਾਂ ਨੂੰ ਗੰਭੀਰ ਉਣਤਾਈਆਂ ਦਾ ਸ਼ਿਕਾਰ ਮੰਨਿਆਂ। ਉਸ ਨੇ ਇਹਨਾਂ ਉਣਤਾਈਆਂ ਦਾ ਕਾਰਨ ਮਾਨਵਵਿਗਿਆਨੀਆਂ, ਸਭਿਆਚਾਰ ਵਿਗਿਆਨੀਆ, ਲੋਕਧਾਰਾ ਸ਼ਾਸਤਰੀਆਂ ਅਤੇ ਸਮਾਜ ਵਿਗਿਆਨੀਆਂ ਦੀ 'ਯੂਰਪ ਕੇਂਦਰਿਤ ਸੋਚ' ਵਿਚ ਦੇਖਦਾ ਹੈ। ਉਹਨਾਂ ਇਹਨਾਂ ਉਣਤਾਈਆਂ ਵਿਚੋਂ ਪਹਿਲੀ ਉਣਤਾਈ ਲੋਕਧਾਰਾ ਨਾਲ ਸਬੰਧਿਤ ਲੋਕ ਦੇ ਘੇਰੇ ਵਿਚ ਵੇਖਦਾ ਹੈ। ਜਦੋਂ ਲੋਕਧਾਰਾ ਦੇ 'ਲੋਕ' ਦਾ ਦਾਇਰਾ ਸਿਰਫ ਆਮ ਸਧਾਰਨ ਲੋਕਾਂ ਭਾਵ ਕਿਸਾਨਾਂ, ਪੇਂਡੂ, ਅਣਪੜ੍ਹਾਂ, ਅਸੱਭਿਅਕ, ਪੱਛੜੇ ਲੋਕ ਬਣਦੇ ਹਨ ਤਾਂ ਲੋਕਧਾਰਾ ਦੀ ਪਰਿਭਾਸ਼ਾ ਗਲਤ ਹੋ ਜਾਂਦੀ ਹੈ। ਦੂਜੀ ਉਣਤਾਈ ਪਹਿਲੀ ਉਣਤਾਈ ਦੇ ਵਿਚੋਂ ਹੀ ਨਿਕਲਦੀ ਹੈ। ਇਹ ਮੰਨਣਾ ਕਿ ਉਦਯੋਗਿਕ, ਭੌਤਿਕ ਤੇ ਸ਼ਹਿਰੀ ਵਿਕਾਸ ਨਾਲ ਲੋਕਧਾਰਾ ਖਤਮ ਹੋ ਜਾਵੇਗੀ। ਤੀਜੀ ਉਣਤਾਈ ਐਲਨ ਡੰਡੀਸ ਲੋਕਧਾਰਾ ਦੇ ਸਿਰਫ ਮੌਖਿਕ ਹੋਣ ਨੂੰ ਮੰਨਣਾ ਸਮਝਦਾ ਹੈ। ਐਲਨ ਡੰਡੀਸ ਦਾ ਮੰਨਣਾ ਹੈ ਕਿ ਲੋਕਧਾਰਾ ਮੌਖਿਕ ਵੀ ਹੋ ਸਕਦੀ ਹੈ ਅਤੇ ਲਿਖਤੀ ਵੀ ਹੋ ਸਕਦੀ ਹੈ। ਲੋਕ-ਸਿਰਜਨ ਪੈਟਰਨਾਂ ਉਤੇ ਉੱਸਰੀ ਰਚਨਾ ਜੇਕਰ ਲਿਖਤ ਵਿਚ ਆ ਜਾਂਦੀ ਹੈ ਤਾਂ ਉਸਨੂੰ ਲੋਕਧਾਰਾ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਐਲਨ ਡੰਡੀਸ ਅਨੁਸਾਰ ਲੋਕਧਾਰਾ ਦੀ ਕੋਈ ਵੀ ਪਰਿਭਾਸ਼ਾ ਸੰਤੁਸ਼ਟੀਜਨਕ ਨਹੀਂ ਹੈ। ਇਸ ਦੀ ਪਰਿਭਾਸ਼ਾ ਨੂੰ ਸਮਝਣ ਲਈ ਇਸ ਦੇ ਹਰ ਅੰਗ ਨੂੰ ਪਰਿਭਾਸ਼ਤ ਕਰਨਾ ਪਵੇਗਾ। ਇਸ ਦੇ ਕੁਝ ਰੂਪ ਜਿਵੇਂ ਮਿਥ ਅਤੇ ਲੋਕ ਕਥਾ ਪੂਰੀ ਕਿਤਾਬ ਜਿੰਨੀ ਲੰਮੀ ਪਰਿਭਾਸ਼ਾ ਮੰਗਦੀਆਂ ਹਨ।[i]

ਐਲਨ ਡੰਡੀਸ ਨੇ ਆਪਣੇ ਨਿਬੰਧ 'Folklore in the modern world' ਵਿਚ ਲੋਕਧਾਰਾ ਨੂੰ ਪਰਿਭਾਸ਼ਤ ਕਰਦਿਆਂ ਕਿਹਾ ਕਿ ਲੋਕਧਾਰਾ ਸਿਰਫ ਭੂਤਕਾਲ ਦੀ ਨਹੀਂ ਸਗੋਂ ਆਧੁਨਿਕ ਤਕਨੀਕੀ ਯੁੱਗ ਨਾਲ ਵੀ ਸਬੰਧਿਤ ਹੈ। ਲੋਕਧਾਰਾ ਇਕ ਕਲਾਤਮਕ ਅਮਲ ਹੈ ਨਾ ਸਿਰਫ ਧੂੜੀ-ਭਰੀ ਕਲਾ-ਵਸਤੂ। ਉਸਨੇ ਲੋਕਧਾਰਾ ਦੀਆਂ ਵਿਸ਼ੇਸ਼ਤਾਵਾਂ ਦੱਸਦਿਆਂ ਲਿਖਿਆ ਕਿ ਲੋਕਧਾਰਾ ਇਕ ਅਜਿਹੀ ਚੀਜ਼ ਹੈ ਜੋ ਜ਼ਿੰਦਾ ਹੈ ਅਤੇ ਗਤੀਵਾਨ ਹੈ।

ਐਲਨ ਡੰਡੀਸ ਇਹ ਵੀ ਲਿਖਦਾ ਹੈ ਕਿ ਲੋਕਧਾਰਾ ਦਾ ਸਾਰੇ ਸੱਭਿਆਚਾਰਾਂ ਵਿਚ ਕਿਸੇ ਵਿਅਕਤੀ ਦੇ ਜੀਵਨ-ਚੱਕਰ ( ਜਨਮ, ਵਿਆਹ, ਮੌਤ ਆਦਿ) ਅਤੇ ਸਮੂਹ ਦੇ ਤਾਰੀਖੀ ਚੱਕਰ ਦੇ ਮਹੱਤਵਪੂਰਨ ਨੁਕਤਿਆਂ ( ਜਿਵੇਂ ਬਿਜਾਈ, ਕਟਾਈ ਆਦਿ) ਦੇ ਆਲੇ ਦੁਆਲੇ ਗੁੱਛਾ ਬਣ ਜਾਣ ਦਾ ਰੁਝਾਨ ਮਿਲਦਾ ਹੈ।

**ਲੋਕਧਾਰਾ ਅਧਿਐਨ ਦੀ ਮਹੱਤਤਾ:** ਐਲਨ ਡੰਡੀਸ ਨੇ ਲੋਕਧਾਰਾ ਦੇ ਅਧਿਐਨ ਸਬੰਧੀ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਅਨੁਸਾਰ ਮਨੁੱਖੀ ਅਨੁਭਵ ਨੂੰ ਸਮਝਣ ਲਈ ਲੋਕਧਾਰਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਐਲਨ ਡੰਡੀਸ ਲਿਖਦਾ ਹੈ ਕਿ ਉਹ ਸਭ ਲੋਕਧਾਰਾ ਵਿਚ ਸ਼ਾਮਿਲ ਹੁੰਦਾ ਹੈ ਜੋ ਲੋਕ ਸੋਚਦੇ ਹਨ ਅਤੇ ਆਪਣੇ ਸ਼ਬਦਾਂ ਅਤੇ ਕਿਰਿਆਵਾਂ ਰਾਹੀਂ ਪੇਸ਼ ਕਰਦੇ ਹਨ ਜੋ ਉਹ ਰੋਜ਼ਮਰਾ ਦੀ ਗੱਲਬਾਤ ਵਿਚ ਸ਼ਾਮਿਲ ਨਹੀਂ ਕਰਦੇ। ਉਹ ਲਿਖਦਾ ਹੈ ਕਿ ਲੋਕਧਾਰਾ ਵਿਚ ਲੋਕ ਆਪਣੇ ਅਵਚੇਤਨ ਦੀ ਤਸਵੀਰ ਵੇਖ ਸਕਦੇ ਹਨ ਜੋ ਹਮੇਸ਼ਾਂ ਖ਼ੂਬਸੂਰਤ ਨਹੀਂ ਹੁੰਦੀ। ਉਸਨੇ 'ਐਂਟੀ-ਸੈਮੇਟਿਕ ਲੋਕਧਾਰਾ' ਦਾ ਅਧਿਐਨ ਕਰਦਿਆ ਇਹ ਮਹਿਸੂਸ ਕੀਤਾ ਕਿ ਨਸਲੀ ਦੂਸ਼ਣ, ਅਪਮਾਨਜਨਕ ਆਰੰਭ, ਕਰੱਖਤ ਸਚਾਈਆਂ ਵੀ ਲੋਕਧਾਰਾ ਵਿਚ ਸ਼ਾਮਿਲ ਹੁੰਦੀਆਂ ਹਨ।

ਐਲਨ ਡੰਡੀਸ ਅਨੁਸਾਰ ਆਪਣੇ-ਆਪ ਦੀ ਅਰਥਪੂਰਨ ਸਮਝ ਲਈ ਲੋਕਧਾਰਾ ਦਾ ਅਧਿਐਨ ਬਹੁਤ ਜ਼ਰੂਰੀ ਹੈ। ਉਸ ਅਨੁਸਾਰ ਲੋਕਧਾਰਾ ਵਿਚ ਉਹ ਮਨ ਤੇ ਵਿਸ਼ਵਾਸ ਹੁੰਦਾ ਹੈ ਜੋ ਲੋਕ ਨਹੀਂ ਵੇਖ ਸਕਦੇ। ਇਸ ਤਰਾਂ ਆਪਣੇ ਆਪ ਨੂੰ ਜਾਣਨ ਵਿਚ ਲੋਕਧਾਰਾ ਵਿਚ ਪੇਸ਼ ਹੋਇਆ ਸਮੂਹਿਕ ਮਨ ਤੇ ਵਿਸ਼ਵਾਸ ਮਦਦ ਕਰਦੇ ਹਨ।

ਐਲਨ ਡੰਡੀਸ ਅਧਿਆਪਨ ਦੇ ਖੇਤਰ ਵਿਚ ਲੋਕਧਾਰਾ ਦੀ ਮਹੱਤਤਾ ਉੱਤੇ ਵੀ ਟਿੱਪਣੀ ਕਰਦੇ ਹਨ। ਉਹ ਕਹਿੰਦੇ ਹਨ ਕਿ ਵਿਦਿਆਰਥੀਆਂ ਨੂੰ ਸਮਝਣ ਅਤੇ ਸਮਝਾਉਣ ਲਈ ਅਧਿਆਪਕ ਲਈ ਮਿਥਾਂ, ਲੋਕ-ਕਥਾਵਾਂ, ਲੋਕ-ਕਾਵਿ ਮਹੱਤਵਪੂਰਨ ਹਨ।

ਡੰਡੀਸ ਲੋਕਧਾਰਾਂ ਦੇ ਮਨੁੱਖ ਦੇ ਮਾਨਸਿਕ ਪੱਖ ਤੋਂ ਵੀ ਮਹੱਤਵ ਨੂੰ ਉਘਾੜਦਾ ਹੈ। ਉਸ ਅਨੁਸਾਰ ਲੋਕਧਾਰਾ, ਬਾਲਗਾਂ ਤੇ ਬੱਚਿਆਂ ਲਈ, ਆਪਣੀ ਜ਼ਿੰਦਗੀ ਦੀਆਂ ਮਹੱਤਵਪੂਰਨ ਸਮੱਸਿਆਵਾਂ ਨਾਲ ਮੁਖਾਤਿਬ ਹੋਣ ਸਮੇਂ ਇਕ ਰਾਹ ਹੈ।[ii]

**ਬੱਚਿਆਂ ਦੀ ਲੋਕਧਾਰਾ:** ਐਲਨ ਡੰਡੀਸ ਦੀ ਬੱਚਿਆਂ ਦੀ ਲੋਕਧਾਰਾ ਵਿਚ ਬਹੁਤ ਰੁਚੀ ਹੈ। ਉਸਦਾ ਮੰਨਣਾ ਹੈ ਕਿ ਬੱਚਿਆਂ ਨੂੰ ਸਮਝਣ ਲਈ ਇਹ ਲੋਕਧਾਰਾ ਸਮਝਣੀ ਬਹੁਤ ਜ਼ਰੂਰੀ ਹੈ। ਬੱਚਿਆਂ ਦੀ ਲੋਕਧਾਰਾ ਬਾਰੇ ਐਲਨ ਡੰਡੀਸ ਨੇ ਆਪਣੇ 'Literature for children or Literature of Children' ਪਰਚੇ ਵਿਚ ਵਿਚਾਰ ਪੇਸ਼ ਕੀਤੇ ਹਨ। ਉਹ ਬੱਚਿਆਂ ਦੀ ਲੋਕਧਾਰਾ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ; ਇਕ ਉਹ ਲੋਕਧਾਰਾ ਹੈ ਜੋ ਬੱਚਿਆਂ ਵੱਲੋਂ ਬੱਚਿਆਂ ਲਈ ਘੜੀ ਜਾਂਦੀ ਜਾਂ ਪੇਸ਼ ਕੀਤੀ ਜਾਂਦੀ ਹੈ; ਦੂਜੀ ਉਹ ਲੋਕਧਾਰਾ ਹੈ ਜੋ ਮਾਪਿਆਂ ਜਾਂ ਅਧਿਆਪਕਾਂ ਵੱਲੋਂ ਬੱਚਿਆਂ ਤੱਕ ਪਹੁੰਚਾਈ ਜਾਂਦੀ ਹੈ। ਐਲਨ ਡੰਡੀਸ ਬਾਲ-ਗੀਤਾਂ ਦਾ ਅਧਿਐਨ ਕਰਦਾ ਉਹਨਾਂ ਵਿਚਲੇ ਪ੍ਰਤੀਕਾਂ ਦੇ ਅਰਥ ਲੱਭਦਾ ਹੈ। ਇਹਨਾਂ ਪ੍ਰਤੀਕਾਂ ਦੇ ਅਰਥਾਂ ਰਾਹੀਂ ਉਹ ਬਾਲ-ਮਾਨਸਿਕਤਾ ਨੂੰ ਸਮਝਣ ਦਾ ਯਤਨ ਕਰਦਾ ਹੈ।

**ਲੋਕਧਾਰਾ ਦੇ ਪ੍ਰਤੀਕਾਤਮਕ ਅਰਥ:** ਲੋਕਧਾਰਾਈ ਅਧਿਐਨ ਵਿਚ ਐਲਨ ਡੰਡੀਸ ਲੋਕਧਾਰਾ ਦੇ ਪ੍ਰਤੀਕਾਤਮਕ ਅਰਥ ਤਲਾਸ਼ਣ ਨੂੰ ਮਹੱਤਤਾ ਦਿੰਦਾ ਹੈ। ਉਹ ਜਿੱਥੇ ਲੋਕਧਾਰਾ ਦੇ ਗਹਿਨ ਅਰਥਾਂ ਦੀ ਤਲਾਸ਼ ਵਿਚ ਹੈ ਨਾਲ ਹੀ ਉਸਦਾ ਇਹ ਵਿਚਾਰ ਹੈ ਕਿ ਲੋਕਧਾਰਾ ਦੀ ਪਹੁੰਚ ਇਹਨਾਂ ਅਰਥਾਂ ਤੱਕ ਅਚੇਤ ਹੀ ਹੁੰਦੀ ਹੈ, ਇਹਨਾਂ ਅਰਥਾਂ ਪ੍ਰਤੀ ਸੁਚੇਤ ਹੋਣ ਉਤੇ ਉਸ ਲੋਕਧਾਰਾ ਦੀ ਵਰਤੋਂ ਉੱਤੇ ਰੋਕ ਲੱਗ ਸਕਦੀ ਹੈ । ਉਸਦਾ ਮੰਨਣਾ ਹੈ ਕਿ 'ਲੋਕਧਾਰਾ ਕਿਸ ਲਈ ਵਰਤੀ ਜਾਂਦੀ ਹੈ ਜੇਕਰ ਅਸੀਂ ਇਸ ਪ੍ਰਤੀ ਸੁਚੇਤ ਹੋਈਏ ਤਾਂ ਲੋਕਧਾਰਾ ਕਦੀ ਵੀ ਸਫਲਤਾਪੂਰਵਕ ਕੰਮ ਨਹੀਂ ਕਰ ਸਕਦੀ।'[iii] ਐਲਨ ਡੰਡੀਸ ਲੋਕਧਾਰਾ ਉਤੇ ਟਿੱਪਣੀ ਕਰਦਾ ਹੈ ਕਿ 'ਲੋਕਧਾਰਾ ਸਮੂਹਿਕ ਕਲਪਨਾ ਹੈ ਅਤੇ ਕਲਪਨਾ ਦੇ ਤੌਰ ਉਤੇ ਇਹ ਸਬੰਧਿਤ ਸੱਭਿਆਚਾਰ ਦੇ ਪ੍ਰਤੀਕਾਤਮਕ ਪ੍ਰਬੰਧ ਉਤੇ ਨਿਰਭਰ ਕਰਦੀ ਹੈ।'[iv] ਸਮੂਹਿਕ ਕਲਪਨਾ ਅਤੇ ਪ੍ਰਤੀਕਾਂ ਦੇ ਸੰਚਾਰ ਨੂੰ ਐਲਨ ਡੰਡੀਸ ਸਿਹਤਮੰਦ ਰੁਝਾਨ ਆਖਦਾ ਹੈ।[v]

**ਲੋਕਧਾਰਾ ਅਧਿਐਨ ਵਿਧੀ:** ਲੋਕਧਾਰਾ ਅਧਿਐਨ ਵਿਧੀ ਨੂੰ ਐਲਨ ਡੰਡੀਸ ਦੋ ਹਿੱਸਿਆਂ ਵਿਚ ਵੰਡਦਾ ਹੈ; ਪਛਾਣ ਅਤੇ ਵਿਆਖਿਆ। ਪਛਾਣ – ਬਾਹਰਮੁਖੀ ਤੇ ਇਮਪੀਰੀਕਲ। ਵਿਆਖਿਆ - ਅੰਤਰਮੁਖੀ ਤੇ ਸਪੈਕਲੈਟਿਵ। ਪਛਾਣ ਸਮਾਨਤਾਵਾਂ ਲੱਭਦੀ, ਵਿਆਖਿਆ ਵੱਖਰਤਾ ਲੱਭਦੀ ਹੈ। ਸਾਹਿਤ ਵਿਚ ਲੋਕਧਾਰਾਈ ਤੱਤਾਂ ਬਾਰੇ ਅਧਿਐਨ ਬਾਰੇ ਐਲਨ ਡੰਡੀਜ਼ ਦਾ ਮੰਨਣਾ ਹੈ ਕਿ ਇਸ ਦੀ ਵਰਤੋਂ –ਜੁਗਤ ਦੇ ਨਾਲ ਨਾਲ ਇਸਦਾ ਸਮੁੱਚ ਵਿਚ ਸਾਹਿਤਕ ਲਿਖਤ ਵਿਚ ਆਉਣ ਦੇ ਪੈਟਰਨਾਂ ਦੀ ਤਲਾਸ਼ ਬਹੁਤ ਜ਼ਰੂਰੀ ਹੈ।

**ਮੈਟਾ-ਲੋਕਧਾਰਾ ਅਤੇ ਮੌਖਿਕ ਸਾਹਿਤਕ ਆਲੋਚਨਾ:** ਐਲਨ ਡੰਡੀਸ ਨੇ ਆਪਣੇ ਲੇਖ 'Meta-folklore and Oral literary criticism' ਵਿਚ ਲੋਕਧਾਰਾ ਅਤੇ ਆਲੋਚਨਾ ਦੀ ਇਕ ਵੱਖਰੀ ਵੰਨਗੀ ਉਤੇ ਚਰਚਾ ਕੀਤਾ ਹੈ। ਮੈਟਾ-ਲੋਕਧਾਰਾ ਤੋਂ ਭਾਵ ਲੋਕਧਾਰਾ ਬਾਰੇ ਲੋਕਧਾਰਾ ਹੈ। ਡੰਡੀਸ ਨੇ ਇਸ ਸੰਕਲਪ ਦੀ ਉਸਾਰੀ ਲਈ ਮੈਟਾ-ਭਾਸ਼ਾ[vi] ਸੰਕਲਪ ਤੋਂ ਪਰੇਰਨਾ ਲਈ ਹੈ। ਮੈਟਾ-ਲੋਕਧਾਰਾ ਵਿਚ ਅਖਾਣਾਂ ਬਾਰੇ ਅਖਾਣ, ਚੁਟਕਲਿਆਂ ਬਾਰੇ ਚੁਟਕਲੇ ਅਤੇ ਲੋਕਗੀਤਾਂ ਬਾਰੇ ਲੋਕਗੀਤ ਹੋ ਸਕਦੇ ਹਨ ਅਤੇ ਇਹ ਅੰਤਰ-ਰੂਪਾਕਾਰੀ ( Inter- genre) ਵੀ ਹੋ ਸਕਦੀ ਹੈ ਭਾਵ ਲੋਕ ਖੇਡਾਂ ਬਾਰੇ ਅਖਾਣ ਹੋ ਸਕਦਾ ਹੈ। ਲੋਕਗੀਤ ਬਾਰੇ ਕੋਈ ਲੋਕ-ਕਥਾ ਹੋ ਸਕਦੀ ਹੈ।

**Shikshan Sanshodhan : Journal of Arts, Humanities and Social Sciences** **ISSN: 2581-6241** **Volume - 3, Issue - 5, Sept-Oct – 2020**
**Bi-Monthly, Peer-Reviewed, Refereed, Indexed Journal** **Impact Factor: 3.589**
**Received on : 03/09/2020** **Accepted on : 22/09/2020** **Publication Date: 30/09/2020**

ਮੌਖਿਕ ਸਾਹਿਤਕ ਆਲੋਚਨਾ ਤੋਂ ਭਾਵ ਪਰੰਪਰਾ ਨਾਲ ਸਬੰਧਿਤ ਲੋਕਾਂ ਦੀਆਂ ਆਪਣੀ ਪਰੰਪਰਾ ਬਾਰੇ ਟਿੱਪਣੀਆਂ ਹਨ। ਇਹ ਲੋਕਧਾਰਾਈ ਅਰਥਾਂ ਦਾ ਸੰਗ੍ਰਿਹ ਹੈ। ਡੰਡੀਸ ਮੰਨਦਾ ਹੈ ਕਿ ਹਰ ਮੌਖਿਕ ਸਾਹਿਤ ਦੇ ਹਰ ਅੰਗ ਬਾਰੇ ਕਈ ਵੰਨਗੀਆਂ ਦੀ ਮੌਖਿਕ ਸਾਹਿਤਕ ਆਲੋਚਨਾ ਮਿਲਦੀ ਹੈ। **....** ਉਸਦਾ ਇਹ ਵੀ ਮੰਨਣਾ ਹੈ ਕਿ ਲੋਕਧਾਰਾ ਦੀਆਂ ਇਹਨਾਂ ਵਸਤਾਂ ਦੀ ਕੋਈ ਵੀ ਇਕ ਸਹੀ ਵਿਆਖਿਆ ਨਹੀਂ ਹੁੰਦੀ। ਐਲਨ ਡੰਡੀਸ ਲਿਖਦਾ ਹੈ ਕਿ ਕੋਈ ਵੀ ਪ੍ਰਸੰਗ ਤੋਂ ਅਰਥਾਂ ਦਾ ਅੰਦਾਜ਼ਾ ਨਹੀਂ ਲਾ ਸਕਦਾ। ਇਸ ਲਈ , ਲੋਕਧਾਰਾ ਸ਼ਾਸਤਰੀ ਨੂੰ ਲੋਕਧਾਰਾ ਦੇ ਅਰਥਾਂ ਨੂੰ ਲੋਕ ਦੇ ਮੂੰਹ ਤੋਂ ਕਢਵਾਉਣਾ ਚਾਹੀਦਾ ਹੈ।[vii]

ਲੋਕਧਾਰਾ ਦਾ ਅਦਾਨ ਪ੍ਰਦਾਨ ਹੁੰਦਾ ਰਹਿੰਦਾ ਹੈ। ਇਕ ਸਮੂਹ ਦੂਜੇ ਸਮੂਹ ਤੋਂ ਲੋਕਧਾਰਾ ਲੈਂਦਾ ਹੈ। ਸੱਭਿਆਚਾਰਾਂ ਵਿਚ ਅਦਾਨ-ਪ੍ਰਦਾਨ ਦੀ ਦਿਸ਼ਾ ਲਗਪਗ ਉਵੇਂ ਦੀ ਹੀ ਲੋਕਧਾਰਾ ਦੇ ਸਬੰਧ ਵਿਚ ਹੈ ਜਿਵੇਂ ਦੀ ਆਮ ਤੌਰ ਉਤੇ ਹੋਰ ਵਰਤਾਰਿਆਂ ਵਿਚ ਹੈ। ਐਲਨ ਡੰਡੀਜ਼ ਦਾ ਮੰਨਣਾ ਹੈ ਕਿ ਇਹ ਬਹੁਤ ਆਮ ਰੁਝਾਨ ਹੈ ਕਿ ਭਾਰੂ ਸੱਭਿਆਚਾਰ ਦੇ ਕਲਾਤਮਕ ਤੱਥ ਉਧਾਰੇ ਲੈ ਲੈਣਾ ਬਿਨਾਂ ਭਾਰੂ ਸੱਭਿਆਚਾਰ ਦੇ ਮੈਂਬਰਾਂ ਦੀ ਸ਼ਮੂਲੀਅਤ ਦੇ।[viii] ਪਰ ਐਲਨ ਡੰਡੀਜ਼ ਇਹ ਵੀ ਮੰਨਦਾ ਹੈ ਕਿ ਕਈ ਵਾਰ ਭਾਰੂ ਸੱਭਿਆਚਾਰ ਦੀ ਕਲਾ ਉਸਦੇ ਹੀ ਖਿਲਾਫ ਇਕ ਹਥਿਆਰ ਵਾਂਗ ਵੀ ਵਰਤੀ ਜਾਂਦੀ ਹੈ ਅਤੇ ਕਈ ਵਾਰ ਉਹਨਾਂ ਦੀ ਉੱਤਮਤਾ ਸਥਾਪਿਤ ਕਰਨ ਲਈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਉਸਨੇ ਲੋਕ ਤੇ ਲੋਕਧਾਰਾ ਨੂੰ ਪਰਿਭਾਸ਼ਤ ਕੀਤਾ; ਲੋਕਧਾਰਾ ਸ਼ਾਸਤਰ ਦੀ ਪਰਿਭਾਸ਼ਾ, ਸਰੂਪ, ਅਧਿਐਨ ਵਿਧੀਆਂ ਅਤੇ ਮਾਡਲਾਂ ਉਤੇ ਨਿੱਠ ਕੇ ਚਰਚਾ ਕੀਤੀ। ਉਸਨੇ ਲੋਕਧਾਰਾ ਦੇ ਵਿਭਿੰਨ ਰੂਪਾਕਾਰਾਂ, ਉਹਨਾਂ ਦੀ ਨਿਸ਼ਚਿਤ ਪਰਿਭਾਸ਼ਾਵਾਂ ਦੀ ਲੋੜ, ਵਿਧਾਵਾਂ ਦੀ ਵੱਖਰੀ ਰੂਪਗਤ ਪਛਾਣ ਨੂੰ ਅਧਿਐਨ ਦਾ ਹਿੱਸਾ ਬਣਾਇਆ। ਐਲਨ ਡੰਡੀਸ ਵੱਲੋਂ ਕੀਤੇ ਲੋਕਧਾਰਾਈ ਅਧਿਐਨ ਦਾ ਘੇਰਾ ਬਹੁਤ ਵਿਸ਼ਾਲ ਹੈ। ਮੁੱਕਦੀ ਗੱਲ ਕਿ ਉਸਨੇ ਲੋਕਧਾਰਾ ਦੇ ਕਿਸੇ ਇਕ ਖੇਤਰ ਜਾਂ ਰੂਪ ਦਾ ਨਹੀਂ ਸਗੋਂ ਪੂਰੀ ਲੋਕਧਾਰਾ ਦੇ ਅਰਥਾਂ ਦਾ ਅਧਿਐਨ ਕੀਤਾ ਹੈ। ਐਲਨ ਡੰਡੀਸ ਦਾ ਲੋਕਧਾਰਾਈ ਅਧਿਐਨ ਨੂੰ ਵੱਡਾ ਯੋਗਦਾਨ ਹੈ ਅਤੇ ਕਿਸੇ ਵੀ ਭਾਸ਼ਾ ਵਿਚ ਲੋਕਧਾਰਾਈ ਅਧਿਐਨ ਸਮੇਂ ਐਲਨ ਡੰਡੀਸ ਦੀਆਂ ਲਿਖਤਾਂ ਅਤੇ ਉਹਨਾਂ ਦੇ ਸਿਧਾਤਾਂ ਤੋਂ ਜਾਣੂ ਹੋਣਾ ਬੇਹੱਦ ਜ਼ਰੂਰੀ ਹੈ।

---

[i] Dundes, Alan, *The study of folklore,* United states of America, prentice- Hall, 1965, p. 03.
[ii] 'Folklore is one way for both adults and children to deal with the crucial problems in their lives'. Bronner, Simon J. (editor), *The Meaning of Folklore: The Analytical essays of Alan Dundes,* Logan, Utah State University, P. 64.
[iii] Ibid.
[iv] 'Folklore is collective fantasy and as fantasy, it depends upon the symbolic system of a given culture'. Ibid.
[v] 'The communication of collective fantasy and symbols is a healthy thing", Ibid.
[vi] Meta- Language: A language used to make statements about other language.
[vii] One cannot always guess the meaning from context. For this reason, Folklorists must actively seek to elicit the meaning of folklore from the folk. Ibid., p. 81.
[viii] It is common for the borrowing, dominated culture to dream of taking over the dominating culture's artifacts without the presence of members of that culture. Ibid., p. 75.